
# ਪ੍ਰਧਾਨ- ਮੰਤਰੀ ਦੀ ਨਿਯੁਕਤੀ , ਸ਼ਕਤੀਆਂ ਅਤੇ ਸਥਿਤੀ

ਭਾਰਤ ਦੇ ਪਹਿਲੇ ਪ੍ਰਧਾਨ- ਮੰਤਰੀ

ਪੰਡਿਤ ਜਵਾਹਰ ਲਾਲ ਨਹਿਰੂ

( 15 ਅਗਸਤ ,1947 ਤੋਂ 27 ਮਈ 1964)



ਭਾਰਤ ਦੇ ਵਰਤਮਾਨ ਪ੍ਰਧਾਨ-ਮੰਤਰੀ ਸ੍ਰੀ. ਨਰਿੰਦਰ ਮੋਦੀ (26 ਮਈ 2014 ਤੋਂ ....)



# ਪ੍ਰਧਾਨ -ਮੰਤਰੀ ਦੀ ਨਿਯੁਕਤੀ

ਪ੍ਰਧਾਨ ਮੰਤਰੀ ਦੀ ਨਿਯੁਕਤੀ ਸਬੰਧੀ ਸੰਵਿਧਾਨ ਦੇ ਅਨੁਛੇਦ 75 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ,"ਪ੍ਰਧਾਨ ਮੰਤਰੀ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕੀਤੀ ਜਾਵੇਗੀ ।"

# ਪ੍ਰਧਾਨ ਮੰਤਰੀ ਦੀਆਂ ਸ਼ਕਤੀਆਂ -

ਪਧਾਨ-ਮੰਤਰੀ ਦੀਆਂ ਸ਼ਕਤੀਆਂ ਵਿਸਥਾਰ ਸਹਿਤ ਵਿਆਖਿਆ ਹੇਠ ਲਿਖੇ ਸਿਰਲੇਖਾਂ ਅਧੀਨ ਕੀਤੀ ਜਾ ਸਕਦੀ ਹੈ :-

**ਮੰਤਰੀ ਪਰਿਸ਼ਦ ਦਾ ਨਿਰਮਾਣ** - ਸੰਵਿਧਾਨ ਅਨੁਸਾਰ ਮੰਤਰੀ ਪਰਿਸ਼ਦ ਦੇ ਮੰਤਰੀਆਂ ਦੀ ਨਿਯੁਕਤੀ ਪਧਾਨ ਮੰਤਰੀ ਦੀ ਸਲਾਹ ਅਨੁਸਾਰ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ ਮੰਤਰੀਆਂ ਦੀ ਰਾਸ਼ਟਰਪਤੀ ਦੁਆਰਾ ਨਿਯੁਕਤੀ ਇਕ ਰਸਮੀ ਕਾਰਵਾਈ ਹੈ ਕਿਉਂਕਿ ਰਾਸ਼ਟਰਪਤੀ ਨਾ ਤਾਂ ਆਪਣੀ ਇੱਛਾ ਅਨੁਸਾਰ ਕਿਸੇ ਵਿਅਕਤੀ ਨੂੰ ਮੰਤਰੀ ਨਿਯੁਕਤ ਕਰ ਸਕਦਾ ਹੈ ਅਤੇ ਨਾ ਹੀ ਮੰਤਰੀਆਂ ਦੀ ਨਿਯੁਕਤੀ ਸਬੰਧੀ ਪਧਾਨ ਮੰਤਰੀ ਦੀ ਕਿਸੇ ਸਿਫਾਰਿਸ਼ ਨੂੰ ਠੁਕਰਾ ਸਕਦਾ ਹੈ ਪ੍ਰਧਾਨ ਮੰਤਰੀ ਆਪਣੇ ਮੰਤਰੀ ਸਾਥੀਆਂ ਦੀ ਸੂਚੀ ਤਿਆਰ ਕਰਦਾ ਹੈ ਅਤੇ ਰਾਸ਼ਟਰਪਤੀ ਉਸ ਸੂਚੀ ਵਿੱਚ ਅੰਕਿਤ ਸਭ ਵਿਅਕਤੀ ਨੂੰ

**2) ਮਹਿਕਮਿਆ ਦੀ ਵੰਡ:** ਪ੍ਰਧਾਨ ਮੰਤਰੀ ਹੀ ਵੱਖ ਵੱਖ ਮੰਤਰੀਆਂ ਵਿੱਚ ਮਹਿਕਮਿਆਂ ਦੀ ਵੰਡ ਕਰਦਾ ਹੈ ਮਹਿਕਮਿਆ ਦੀ ਵੰਡ ਸਬੰਧੀ ਸੰਵਿਧਾਨਿਕ ਤੌਰ ਤੇ ਪ੍ਰਧਾਨ ਮੰਤਰੀ ਸੰਵਿਧਾਨਿਕ ਤੌਰ ਤੇ ਪ੍ਰਧਾਨ ਮੰਤਰੀ ਪੂਰਨ ਰੂਪ ਵਿੱਚ ਸੁਤੰਤਰ ਹੈ ਪਰ ਵਿਵਹਾਰਿਕ ਤੌਰ ਤੇ ਉਹ ਮੈਂਬਰਾਂ ਦੀ ਯੋਗਤਾ ਅਤੇ ਰਾਜਨੀਤੀਕ ਮਹੱਤਤਾ ਨੂੰ ਮੁੱਖ ਰੱਖ ਕੇ ਹੀ ਵਿਭਾਗਾਂ ਦੀ ਵੰਡ ਕਰਦਾ ਹੈ ਜਿਸ ਤਰ੍ਹਾਂ ਮੰਤਰੀ ਮੰਡਲ ਦੇ ਨਿਰਮਾਣ ਸਮੇਂ ਉਸ ਨੂੰ ਘੱਟ ਗਿਣਤੀ ਵਾਲੇ ਵਰਗਾਂ ਅਤੇ ਭੂਗੋਲਿਕ ਵਰਗਾ ਸਾਹਮਣੇ ਰੱਖਣਾ ਪੈਂਦਾ ਹੈ ਇਸੇ ਤਰ੍ਹਾ ਵਿਭਾਗਾਂ ਦੀ ਵੰਡ ਸਮੇਂ ਵੀ ਘੱਟ ਗਿਣਤੀਆਂ ਅਨੁਸੂਚਿਤ ਜਾਤੀਆਂ ਅਤੇ ਭੂਗੋਲਿਕ ਇਕਾਈਆਂ ਪ੍ਰਤੀ ਕੁੱਝ ਵਿਸ਼ੇਸ਼ ਧਿਆਨ ਦੇਣਾ ਜ਼ਰੂਰੀ ਹੈ ਪ੍ਰਧਾਨ ਮੰਤਰੀ ਕਿਸੇ ਸਮੇਂ ਵੀ ਮੰਤਰੀਆਂ ਦੇ ਵਿਭਾਗਾਂ ਦੀ ਅਦਲਾ ਬਦਲੀ ਕਰ ਸਕਦਾ ਹੈ ।

**ਮੰਤਰੀ ਪਰਿਸ਼ਦ ਦਾ ਪੁਨਰ ਗਠਨ** -ਪ੍ਰਧਾਨ ਮੰਤਰੀ ਅਸਲੀ ਕਾਰਜ ਪਾਲਿਕਾ ਦਾ ਮੁੱਖੀ ਹੈ ।ਪ੍ਰਸ਼ਾਸਨ ਨੂੰ ਕੁਸ਼ਲਤਾ ਸਹਿਤ ਚਲਾਉਣਾ ਉਸ ਦਾ ਮੁੱਖ ਕਰਤੱਵ ਹੈ ।ਪ੍ਰਸ਼ਾਸਨਿਕ ਕੁਸ਼ਲਤਾ ਅਤੇ ਸਾਂਝੀ ਜਿੰਮੇਵਾਰੀ ਦੀ ਪੂਰਤੀ ਲਈ ਪ੍ਰਧਾਨ ਮੰਤਰੀ , ਮੰਤਰੀ ਪਰਿਸ਼ਦ ਵਿੱਚ ਹਰ ਪ੍ਰਕਾਰ ਦੀ ਤਬਦੀਲੀ ਕਰ ਸਕਦਾ ਹੈ। ਜੇਕਰ ਕੋਈ ਮੰਤਰੀ ਪ੍ਰਧਾਨ ਮੰਤਰੀ ਦੀ ਨੀਤੀ ਨਾਲ ਸਹਿਮਤ ਨਹੀਂ ਹੈ ਤਾਂ ਉਸ ਨੂੰ ਪ੍ਰਧਾਨ ਮੰਤਰੀ ਤਿਆਗ ਪੱਤਰ ਦੇਣ ਲਈ ਕਹਿ ਸਕਦਾ ਹੈ ਸਮੁੱਚੇ ਮੰਤਰੀ ਪਰਿਸ਼ਦ ਪੁਨਰਗਠਨ ਕਰ ਸਕਦਾ ਹੈ ।

4) **ਮੰਤਰੀ ਪਰਿਸ਼ਦ ਦਾ ਅਧਿਅਕਸ਼** -ਪ੍ਰਧਾਨ ਮੰਤਰੀ ਮੰਤਰੀ ਮੰਡਲ ਦਾ ਅਧਿਅਕਸ਼ ਹੁੰਦਾ ਹੈ ਉਹ ਕੈਬਨਿਟ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰਦਾ ਹੈ । ਕੈਬਨਿਟ ਦੀਆਂ ਬੈਠਕਾਂ ਦੀ ਤਾਰੀਖ਼ ਨਿਸ਼ਚਤ ਕਰਨਾ ਅਤੇ ਉਹਨਾਂ ਲਈ ਕਾਰਜ ਸੂਚੀ ਤਿਆਰ ਕਰਨਾ ਪ੍ਰਧਾਨ ਮੰਤਰੀ ਦਾ ਅਧਿਕਾਰ ਹੈ।

5) **ਮੰਤਰੀ ਮੰਡਲ ਦਾ ਮੁਖੀ** - ਪ੍ਰਧਾਨ ਮੰਤਰੀ ਮੰਤਰੀ ਮੰਡਲ ਦਾ ਮੁਖੀ ਹੁੰਦਾ ਹੈ ਦੂਸਰੇ ਮੰਤਰੀ ਆਪਣੇ ਵਿਭਾਗਾਂ ਸਬੰਧੀ ਨਿੱਜੀ ਰੂਪ ਵਿੱਚ ਉਸ ਨੂੰ ਉੱਤਰਦਾਈ ਹੁੰਦੇ ਹਨ । ਮੰਤਰੀ ਅਕਸਰ ਪ੍ਰਧਾਨ ਮੰਤਰੀ ਕੋਲੋਂ ਆਪਣੇ ਵਿਭਾਗਾਂ ਸਬੰਧੀ ਸਲਾਹ ਲੈਂਦੇ ਹਨ ,ਤੇ ਪ੍ਰਧਾਨ ਮੰਤਰੀ ਅਕਸਰ ਮੰਤਰੀਆਂ ਨੂੰ ਸਾਥ ਦਿੰਦਾ ਹੈ ਜੇਕਰ ਕਿਸੇ ਵਿਭਾਗ ਦਾ ਕੰਮ ਕੁਸ਼ਲਤਾ ਪੂਰਵਕ ਨਾ ਹੋ ਰਿਹਾ ਹੋਵੇ ਤਾਂ ਉਸ ਸਬੰਧੀ ਤੇ ਮੰਤਰੀ ਨੂੰ ਚੇਤਾਵਨੀ ਦੇਣ ਤੋਂ ਸੰਕੋਚ ਨਹੀਂ ਕਰਦਾ ਵੱਖ ਵੱਖ ਵਿਭਾਗਾਂ ਦੇ ਆਪਸੀ ਮਤਭੇਦਾਂ ਨੂੰ ਦੂਰ ਕਰਕੇ ਉਹਨਾਂ ਵਿੱਚ ਤਾਲਮੇਲ ਪੈਦਾ ਕਰਨ ਦਾ ਕੰਮ ਵੀ ਪ੍ਰਧਾਨ ਮੰਤਰੀ ਕਰਦਾ ਹੈ ।

6) **ਸਰਕਾਰ ਦਾ ਮੁਖੀ** - ਰਾਸ਼ਟਰਪਤੀ ਰਾਜ ਦਾ ਮੁਖੀ ਹੈ ਪ੍ਰੰਤੂ ਸਰਕਾਰ ਦਾ ਮੁਖੀ ਪ੍ਰਧਾਨ ਮੰਤਰੀ ਹੀ ਹੁੰਦਾ ਹੈ ਸੰਸਦ ਅਤੇ ਜਨਤਾ ਦੇ ਸਾਹਮਣੇ ਮੰਤਰੀ ਮੰਡਲ ਦੀ ਨੀਤੀ ਅਤੇ ਫੈਂਸਲਿਆਂ ਦਾ ਐਲਾਨ ਪ੍ਰਧਾਨ ਮੰਤਰੀ ਦੁਆਰਾ ਹੀ ਕੀਤਾ ਜਾਂਦਾ ਹੈ। ਉਹ ਸਾਰੇ ਪ੍ਰਸ਼ਾਸਨਿਕ ਵਿਭਾਗਾਂ ਦੀ ਜਾਣਕਾਰੀ ਰੱਖਦਾ ਹੈ ਅਤੇ ਸਰਕਾਰ ਦੀ ਅੰਦਰੂਨੀ ਅਤੇ ਵਿਦੇਸ਼ੀ ਨੀਤੀ ਦਾ ਨਿਰਮਾਣ ਵੀ ਮੁੱਖ ਰੂਪ ਵਿੱਚ ਪ੍ਰਦਾਨ ਮੰਤਰੀ ਹੀ ਕਰਦਾ ਹੈ ।

**7)ਨਿਯੁਕਤੀਆਂ**-ਪ੍ਰਸ਼ਾਸਨ ਨੂੰ ਕੁਸ਼ਲਤਾ ਸਿਹਤ ਚਲਾਉਣ ਲਈ ਵੱਡੇ ਵੱਡੇ ਅਧਿਕਾਰੀਆਂ ਦੀਆਂ ਨਿਯੁਕਤੀਆਂ ਰਾਸ਼ਟਰਪਤੀ ਦੁਆਰਾ ਕੀਤੀਆਂ ਜਾਂਦੀਆਂ ਹਨ ਅਸਲ ਵਿੱਚ ਇਹਨਾਂ ਨਿਯੁਕਤੀਆਂ ਦਾ ਨਿਰਣਾ ਰਾਸ਼ਟਰਪਤੀ ਨੇ ਸਗੋਂ ਪ੍ਰਧਾਨ ਮੰਤਰੀ ਕਰਦਾ ਹੈ ਆਮ ਤੌਰ ਤੇ ਮੰਤਰੀ ਮੰਡਲ ਵਿੱਚ ਨਿਯੁਕਤੀਆਂ ਸਬੰਧੀ ਇੱਕ ਕਮੇਟੀ ਹੁੰਦੀ ਹੈ ਜੋ ਛਾਣ ਬੀਣ ਕਰਕੇ ਨਿਯੁਕਤੀਆਂ ਲਈ ਸਲਾਹ ਦਿੰਦੀ ਹੈ ਇਸ ਕਮੇਟੀ ਦਾ ਫੈਸਲਾ ਦਰਅਸਲ ਪ੍ਰਧਾਨ ਮੰਤਰੀ ਦਾ ਫੈਸਲਾ ਹੈ ਰਾਜਪਾਲ, ਅਟਾਰਨੀ  ਜਨਰਲ , ਕੰਪਟਰੋਲਰ ਅਤੇ ਆਡੀਟਰ ਜਨਰਲ , ਚੋਣ ਕਮਿਸ਼ਨਰ , ਵੱਖ ਵੱਖ ਆਯੋਗਾ ਦੇ ਪ੍ਰਧਾਨ ਅਤੇ ਮੈਬਰਾਂ ਆਦਿ ਦੀ ਨਿਯੁਕਤੀ ਪ੍ਰਧਾਨ ਮੰਤਰੀ ਦੀ ਸਲਾਹ ਤੇ ਹੀ ਰਾਸ਼ਟਰਪਤੀ ਕਰਦਾ ਹੈ ।

8) ਪ੍ਰਧਾਨ ਮੰਤਰੀ ਅਤੇ ਸੰਕਟਕਾਲੀ ਸ਼ਕਤੀਆਂ - ਸੰਵਿਧਾਨ ਦੇ ਅਨੁਛੇਦ 352,356 ਅਤੇ 360 ਅਧੀਨ ਭਿੰਨ - ਭਿੰਨ ਪ੍ਰਕਾਰ ਦੀਆਂ ਸੰਕਟਕਾਲੀ ਸ਼ਕਤੀਆਂ ਰਾਸ਼ਟਰਪਤੀ ਨੂੰ ਸੌਂਪੀਆਂ ਗਈਆਂ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕੀ ਸ਼ਕਤੀਆਂ ਲਿਖਤੀ ਰੂਪ ਵਿੱਚ ਰਾਸ਼ਟਰਪਤੀ ਨੂੰ ਦਿੱਤੀਆਂ ਗਈਆਂ ਹਨ। ਪ੍ਰੰਤੂ ਦਰ ਅਸਲ ਵਿਵਹਾਰਿਕ ਰੂਪ ਵਿੱਚ ਇਹ ਸ਼ਕਤੀਆਂ ਪ੍ਰਧਾਨ ਮੰਤਰੀ ਦੇ ਅਧਿਕਾਰ ਖੇਤਰ ਵਿੱਚ ਆਉਂਦੀਆਂ ਹਨ ਕਿਉਂਕਿ ਕੋਈ ਵੀ ਰਾਸ਼ਟਰਪਤੀ ਇਹਨਾਂ ਸ਼ਕਤੀਆਂ ਦੀ ਵਰਤੋ ਆਪਣੀ ਇੱਛਾ ਅਨੁਸਾਰ ਨਹੀਂ ਕਰ ਸਕਦਾ ਹੈ ਸੰਵਿਧਾਨ ਵਿੱਚ ਇਹ ਸਪਸ਼ਟ ਵਿਵਸਥਾ ਹੈ ਕਿ ਮੰਤਰੀ ਮੰਡਲ ਦਾ ਲਿਖਤੀ ਨਿਰਣਾ ਪ੍ਰਾਪਤ ਕੀਤੇ ਬਿਨਾਂ ਰਾਸ਼ਟਰਪਤੀ 352 ਅਧੀਨ ਸੰਕਟਕਾਲੀਨ ਘੋਸ਼ਣਾ ਆਪਣੀ ਇੱਛਾ ਅਨੁਸਾਰ ਲਾਗੂ ਨਹੀਂ ਕਰ ਸਕਦਾ ਹੈ। ਅਨਛੇ 356 ਅਤੇ 360 ਦੀ ਸੰਕਟ ਕਾਰਨ ਪੋਸ਼ਨਾਵਾਂ ਵੀ ਰਾਸ਼ਟਰਪਤੀ ਆਪਣੀ ਈਸ਼ ਅਨੁਸਾਰ ਲਾਗੂ ਨਹੀਂ ਕਰ ਸਕਦਾ ਕਿਉਂਕਿ ਸੰਵਿਧਾਨ ਦੇ ਅਨੁਛੇਦ 74 ਵਿੱਚ ਇਹ ਸਪਸ਼ਟ ਵਿਵਸਥਾ ਹੈ ਕਿ ਰਾਸ਼ਟਰਪਤੀ ਆਪਣੀਆਂ ਨੀਤੀਆਂ ਸ਼ਕਤੀਆਂ ਦੀ ਵਰਤੋਂ ਮੰਤਰੀ ਪਰਿਸ਼ਦ ਦੀ ਸਲਾਹ ਅਨੁਸਾਰ ਕਰੇਗਾ। ਮੰਤਰੀ ਪਰਿਸ਼ਦ ਦੀ ਸਲਾਹ ਪ੍ਰਧਾਨ ਮੰਤਰੀ ਦੀ ਸਲਾਹ ਦਾ ਹੀ ਪ੍ਰਤੀਕ ਹੈ ਕਿਉਂਕਿ ਪ੍ਰਧਾਨ ਮੰਤਰੀ ਦੀ ਇੱਛਾ ਦੇ ਵਿਰੁੱਧ ਪਰਿਸ਼ਦ ਕੋਈ ਸਲਾਹ ਨਹੀਂ ਦੇ ਸਕਦੀ ਹੈ ।

ਭਾਰਤ ਦੇ ਵਰਤਮਾਨ ਪ੍ਰਧਾਨ ਮੰਤਰੀ - ਸ੍ਰੀ ਨਰਿੰਦਰ ਮੋਦੀ 26 ਮਈ ,2014 ਤੋਂ ....



**ਪ੍ਰਧਾਨ ਮੰਤਰੀ ਦੀ ਸਥਿਤੀ -** ਬਰਤਾਨੀਆ ਵਿੱਚ ਵੀ ਮੰਤਰੀ ਮੰਡਲ ਸ਼ਾਸਨ ਪ੍ਰਣਾਲੀ ਹੈ ਅਤੇ ਉੱਥੇ ਪ੍ਰਧਾਨ ਮੰਤਰੀ ਦੀ ਸਥਿਤੀ ਜਿਆਦਾ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਮੰਨੀ ਜਾਂਦੀ ਹੈ। ਬਰਤਾਨਵੀ ਪ੍ਰਧਾਨ ਮੰਤਰੀ ਦੀ ਸ਼ਕਤੀਸ਼ਾਲੀ ਤੇ ਪ੍ਰਭਾਵਸ਼ਾਲੀ ਸਥਿਤੀ ਨੂੰ ਦੇਖਦਿਆਂ ਉਸ ਦੀ ਉਪਮਾ ਅਤੇ ਸ਼ਲਾਘਾ  ਕਰਨ ਲਈ ਵੱਖ ਵੱਖ ਪ੍ਰਕਾਰ ਦੇ ਸ਼ਬਦ ਵਰਤੇ ਗਏ ਹਨ ਲਾਰਡ ਮਾਰਲੇ ਦੇ ਵਿਚਾਰ ਉਹ," ਸਮਾਨ ਵਿਅਕਤੀ ਵਿੱਚ ਪ੍ਰਥਮ ਵਿਅਕਤੀ ਹੈ।" ਇਹ ਉਪਮਾਵਾਂ ਭਾਰਤੀ ਪ੍ਰਧਾਨ ਮੰਤਰੀ ਦੀ ਸਥਿਤੀ ਸਬੰਧੀ ਅਣਉੱਚਿਤ ਨਹੀਂ ਹੈ ਭਾਰਤੀ ਪ੍ਰਧਾਨ ਮੰਤਰੀ ਦੀ ਸਥਿਤੀ ਵੀ ਕਾਫੀ ਜਿਆਦਾ ਸ਼ਕਤੀਸ਼ਾਲੀ ਅਤੇ ਮਹੱਤਵਪੂਰਨ ਹੈ ਇਹ ਠੀਕ ਹੈ ਕਿ ਪ੍ਰਧਾਨ ਮੰਤਰੀ ਦੀਆਂ ਸ਼ਕਤੀਆਂ ਉਤੇ ਕੋਈ ਕਾਨੂੰਨੀ ਅਤੇ ਕੋਈ ਵਿਵਹਾਰਿਕ ਰੋਕਾਂ ਮੌਜੂਦ ਹਨ। ਪ੍ਰੰਤੂ ਫਿਰ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਉਹ ਇੱਕ ਜਿਹਾ ਕੇਂਦਰ ਹੈ ।ਜਿਸਦੇ ਆਲੇ ਦੁਆਲੇ ਭਾਰਤੀ ਪ੍ਰਸ਼ਾਸਨ ਅਤੇ ਰਾਜਨੀਤੀ ਘੁੰਮਦੇ ਹਨ ਪ੍ਰਸ਼ਾਸਨ ਦਾ ਕੋਈ ਵੀ ਜਿਹਾ ਖੇਤਰ ਨਹੀਂ ਹੈ। ਜੋ ਉਸਦੇ ਪ੍ਰਤੱਖ ਜਾਂ ਅਪ੍ਰਤੱਖ ਨਿਯਤਰਣ ਤੋਂ ਬਾਹਰ ਹੋਵੇ ਸੰਸਦ ਵਿੱਚ ਉਸਨੂੰ ਬਹੁਮਤ ਦਾ ਸਮਰਥਨ ਪ੍ਰਾਪਤ ਹੁੰਦਾ ਹੈ ।ਆਪਣੇ ਦਲ ਵਿੱਚ ਉਸਨੂੰ ਬਹੁਮਤ ਦਾ ਸਥਾਨ ਪ੍ਰਾਪਤ ਹੁੰਦਾ ਹੈ ਮੰਤਰੀ ਮੰਡਲ ਦਾ ਵਾਸਤਵਿਕ  ਪ੍ਰਤੀਕ ਹੁੰਦਾ ਹੈ ਜਨਤਾ ਵਿੱਚ ਵੀ ਉਸਨੂੰ ਰਸਤੇ ਦੇ ਨੇਤਾ ਦੇ ਤੌਰ ਤੇ ਸਨਮਾਨਿਆ ਜਾਂਦਾ ਹੈ ਅਤੇ ਸਰਕਾਰ ਦਾ ਮੁਖੀ ਹੋਣ ਕਾਰਨ ਵਿਦੇਸ਼ ਨੀਤੀ ਦਾ ਵੀ ਅਸਲੀ ਸਿਰਜਣਹਾਰ ਹੁੰਦਾ ਹੈ ਜਿਸ ਵਿਕਾਰੀ ਕੋਲ ਇੰਨੀਆ ਜ਼ਿਆਦਾ ਸ਼ਕਤੀਆਂ ਹੋਣ ਉਸਦੀ ਸਥਿਤੀ ਦਾ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਹੋਣਾ ਸੁਭਾਵਿਕ ਹੈ।

ਪਰ ਪ੍ਰਧਾਨ ਮੰਤਰੀ ਦੀ ਸਥਿਤੀ ਸਬੰਧੀ ਇਹ ਮਹੱਤਵਪੂਰਨ ਸੱਚਾਈ ਵਰਨਣਯੋਗ ਹੈ ਕਿ ਪ੍ਰਧਾਨ ਮੰਤਰੀ ਦੀ ਸਥਿਤੀ ਵਧੇਰੇ ਕਰਕੇ ਉਸ ਪਦਵੀ ਤੇ ਬਿਰਾਜਮਾਨ ਵਿਅਕਤੀਆਂ ਦੀ ਆਪਣੀ ਸ਼ਖਸ਼ੀਅਤ ਅਤੇ ਉਸਦੇ ਗੈਰ ਸਧਾਰਨ ਗੁਣਾਂ ਤੇ ਨਿਰਭਰ ਕਰਦੀ ਹੈ ਪ੍ਰਧਾਨ ਮੰਤਰੀ ਦੀ ਸਥਿਤੀ ਨੂੰ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਬਣਾਉਣ ਵਾਲਾ ਸਭ ਤੋਂ ਜਿਆਦਾ ਮਹੱਤਵਪੂਰਨ ਤੱਤ ਲੋਕ ਸਭਾ ਵਿੱਚ ਉਸਦੇ ਦਲ ਦੇ ਮੈਂਬਰਾਂ ਦੀ ਸੰਖਿਆ ਹੈ ।

**ਸਿੱਟਾ -** ਸੰਖੇਪ ਵਿੱਚ ਸੰਵਿਧਾਨਿਕ ਪੱਖ ਤੋਂ ਭਾਰਤੀ ਪ੍ਰਧਾਨ ਮੰਤਰੀ ਦੀ ਸਥਿਤੀ ਬਹੁਤ ਸ਼ਕਤੀਸ਼ਾਲੀ ਹੈ ਪਰ ਇਸ ਪਦਵੀ ਦੀ ਪ੍ਰਭਾਵਵਿਕਤਾ ਪਦਵੀ ਤੇ ਬਿਰਾਜਮਾਨ ਵਿਅਕਤੀਂ ਦੀ ਸਖਸ਼ੀਅਤ ਅਤੇ ਨਿੱਜੀ ਗੁਣਾ ਤੋਂ ਇਲਾਵਾ ਇਸ ਰਾਜਨੀਤੀ ਸੱਚਾਈ ਤੇ ਨਿਰਭਰ ਕਰਦੀ ਹੈ ।ਕਿ ਪ੍ਰਧਾਨ ਮੰਤਰੀ ਲੋਕ ਸਭਾ ਵਿੱਚ ਬਹੁਮਤ ਦਲ ਦਾ ਨੇਤਾ ਹੈ ਜਾ ਘੱਟ ਗਿਣਤੀ ਦੀ ਸਰਕਾਰ ਦੀ ਅੰਗਵਾਈ ਕਰ ਰਿਹਾ ਹੈ ਜਾਉ ਕਈ ਰਾਜਨੀਤਿਕ ਦਲਾਂ ਦੀ ਸਾਂਝੀ ਸਰਕਾਰ ਦਾ ਮੁਖੀ ਹੈ ।ਜਿਸ ਪ੍ਰਧਾਨ ਮੰਤਰੀ ਦੇ ਦਲ ਨੂੰ ਲੋਕ ਸਭਾ ਵਿੱਚ ਸਪੱਸ਼ਟ ਬਹੁਮਤ ਪ੍ਰਾਪਤ ਹੁੰਦਾ ਹੈ ਉਸ ਦੀ ਸਥਿਤੀ ਦਾ ਪ੍ਰਭਾਵਸ਼ਾਲੀ ਸ਼ਕਤੀਸ਼ਾਲੀ ਅਤੇ ਮਹੱਤਵਪੂਰਨ ਹੋਣਾ ਸੁਭਾਵਿਕ ਹੈ ।